Ph. 01652-227860

# ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ

ਇਹ ਦਫ਼ਤਰ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਲਿੰਕ ਰੋਡ, ਮਾਨਸਾ ਵਿਖੇ ਨਜ਼ਦੀਕ ਸਥਿਤ ਹੈ। ਇਸ ਦਫ਼ਤਰ ਦਾ ਮੁਖੀ ਜ਼ਿਲ੍ਹਾ ਮੈਨੇਜਰ ਹੁੰਦਾ ਹੈ। ਇਹ ਕਾਰਪੋਰੇਸ਼ਨ ਜਿਹੜੀ ਕਿ ਮਿਤੀ 18-2-1971 ਤੋਂ ਹੋਂਦ ਵਿੱਚ ਆਈ, ਲਗਾਤਾਰ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕੋਈ ਵੀ ਧੰਦਾ/ਕਿੱਤਾ ਚਾਲੂ ਕਰਨ, ਆਮਦਨ ਵਧਾਉਣ ਅਤੇ ਉਹਨਾਂ ਦੀ ਮਾਲੀ ਹਾਲਤ ਸੁਧਾਰਨ ਲਈ ਹੇਠ ਲਿਖੀਆਂ ਸਕੀਮਾਂ ਰਾਹੀਂ ਵਿਆਜ ਤੇ ਕਰਜਾ ਜਾਂ ਸਬਸਿਡੀ ਸਹਿਤ ਕਰਜਾ ਦੇ ਕੇ ਸਹਾਇਤਾ ਕਰ ਰਹੀ ਹੈ :-

1 ***ਬੈਂਕ ਰਾਹੀਂ ਕਰਜ਼ਾ (ਬੈਂਕ ਟਾਈ ਅਪ ਸਕੀਮ) :***

ਕਾਰਪੋਰੇਸ਼ਨ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਲਾਹੇਵੰਦ ਧੰਦੇ/ਕਿਤੇ ਸ਼ੁਰੂ ਕਰਨ ਲਈ 35,000/- ਰੁਪਏ ਤੱਕ ਕਰਜਾ ਦਿੱਤਾ ਜਾਂਦਾ ਹੈ। ਇਸ ਵਿੱਚ 50 ਪ੍ਰਤੀਸ਼ਤ ਜਾਂ 10,000 ਰੁਪਏ ਜੋ ਵੀ ਘੱਟ ਹੋਵੇ, ਸਬਸਿਡੀ ਕਾਰਪੋਰੇਸ਼ਨ ਵੱਲੋਂ ਦਿੱਤੀ ਜਾਂਦੀ ਹੈ।

***ਕਰਜੇ ਲਈ ਸ਼ਰਤਾਂ :***

ੳ) **ਆਮਦਨ:-** ਲਾਭਪਾਤਰੀ ਦੀ ਸਲਾਨਾ ਪਰਿਵਾਰਕ ਆਮਦਨ ਗਰੀਬੀ ਦੀ ਰੇਖਾ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਿਵੇਂ ਸ਼ਹਿਰੀ ਖੇਤਰਾਂ ਵਿੱਚ ਸਲਾਨਾ ਆਮਦਨ 27,242/- ਰੁਪਏ ਤੋਂ ਅਤੇ ਪੇਂਡੂ ਖੇਤਰਾਂ ਵਿੱਚ 19,654 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਅ) ਵਿਆਜ ਦੀ ਦਰ ਅਤੇ ਵਸੂਲੀ ਸੰਬੰਧੀ ਸ਼ਰਤਾਂ ਬੈਂਕ ਦੇ ਨਿਯਮਾਂ ਮੁਤਾਬਕ ਹੋਣਗੀਆਂ।

ੲ) ***ਕਰਜ਼ਾ ਲੈਣ ਦੀ ਵਿਧੀ :-***

ਕਰਜ਼ਾ ਫਾਰਮ ਜ਼ਿਲ੍ਹਾ ਮੈਨੇਜਰ ਤੋਂ ਮੁਫ਼ਤ ਪ੍ਰਾਪਤ ਕਰਕੇ ਮਿਉਂਸਪਲ ਕਮਿਸ਼ਨਰ/ਕੌਂਸਲਰ ਤੋਂ, ਪਿੰਡਾਂ ਵਿੱਚ ਸਰਪੰਚ ਜਾਂ ਮੈਂਬਰ ਪੰਚਾਇਤ ਤੋਂ ਤਸਦੀਕ ਕਰਵਾ ਕੇ ਜ਼ਿਲ੍ਹਾ ਮੈਨੇਜਰ ਦੇ ਦਫ਼ਤਰ ਵਿੱਚ ਦੇਣਾ ਪੈਂਦਾ ਹੈ। ਜੇਕਰ ਪੀਲਾ ਕਾਰਡ ਹੋਵੇ ਤਾਂ ਇੱਕ ਤਸਦੀਕਸ਼ੁਦਾ ਫੋਟੋ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ। ਪੀਲਾ ਕਾਰਡ ਨਾ ਹੋਵੇ ਤਾਂ ਹਲਫ਼ੀਆ ਬਿਆਨ ਉਪ ਕਮਿਸ਼ਨਰ/ਮੈਜਿਸਟਰੇਟ ਤੋਂ ਤਸਦੀਕ ਕਰਵਾ ਕੇ ਫਾਰਮ ਨਾਲ ਨੱਥੀ ਕੀਤਾ ਜਾਵੇ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਦੇ ਸਰਟੀਫਿਕੇਟ ਦੀ ਫੋਟੋ ਕਾਪੀ ਅਤੇ ਰਾਸ਼ਨ ਕਾਰਡ ਦੀ ਫੋਟੋ ਕਾਪੀ ਵੀ ਨਾਲ ਨੱਥੀ ਕੀਤੀ ਜਾਵੇ।

ਸ) ਲਾਭਪਾਤਰੀ ਦਾ ਅਗਸਤ 2002 ਦੇ ਬੀ. ਪੀ. ਐਲ ਸਰਵੇ ਵਿੱਚ ਨਾਂ ਦਰਜ ਹੋਣਾ ਜਰੂਰੀ ਹੈ।

2 ***ਸਿੱਧਾ ਕਰਜ਼ਾ ਸਕੀਮ :-***

ਇਸ ਸਕੀਮ ਅਧੀਨ 10,000/- ਰੁਪਏ ਤੋਂ ਲੈ ਕੇ 3 ਲੱਖ ਰੁਪਏ ਤੱਕ ਦਾ ਕਰਜਾ ਕੋਈ ਵੀ ਧੰਦਾ/ਕਿੱਤਾ ਕਰਨ ਲਈ ਦਿੱਤਾ ਜਾਂਦਾ ਹੈ, ਪਰੰਤੂ ਇਹ ਕਰਜ਼ਾ ਫੰਡਜ਼ ਉਪਲਬਧ ਹੋਣ ਦੀ ਸੂਰਤ ਵਿੱਚ ਹੀ ਦਿੱਤਾ ਜਾਂਦਾ ਹੈ।

*ਕਰਜੇ ਲਈ ਸ਼ਰਤਾਂ :*

ੳ) ਇਸ ਸਕੀਮ ਲਈ ਆਮਦਨ ਦੀ ਹੱਦ ਨਹੀਂ ਹੈ।

ਅ) ਕਰਜ਼ਾ ਫਾਰਮ ਜ਼ਿਲ੍ਹਾ ਮੈਨੇਜਰ ਦੇ ਦਫ਼ਤਰ ਤੋਂ ਮੁਫ਼ਤ ਮਿਲਦੇ ਹਨ। ਫਾਰਮ ਭਰਕੇ ਤੇ ਪਾਸਪੋਰਟ ਸਾਈਜ਼ ਦੀਆਂ ਤਿੰਨ ਤਸਦੀਕ ਸ਼ੁਦਾ ਫੋਟੋਆਂ, ਅਨੁਸੂਚਿਤ ਜਾਤੀ ਦਾ ਪ੍ਰਵਾਨਿਤ ਅਧਿਕਾਰੀ ਐਸ.ਡੀ.ਐਮ. ਤਹਿਸੀਲਦਾਰ ਤੋਂ ਪ੍ਰਾਪਤ ਅਸਲ ਸਰਟੀਫਿਕੇਟ ਕਾਪੀ (ਫੋਟੋ ਸਟੇਟ) ਨਾਲ ਨੱਥੀ ਕਰਕੇ, ਜਿਲ੍ਹਾ ਮੈਨੇਜਰ ਨੂੰ ਦਿੱਤਾ ਜਾਣਾ ਜ਼ਰੂਰੀ ਹੈ।

ੲ) ਕਰਜ਼ੇ ਦੀ ਰਕਮ ਦੇ ਬਰਾਬਰ ਦੀ ਕੀਮਤ ਦੀ ਅਚੱਲ ਜਾਇਦਾਦ ਦੀ ਜ਼ਮਾਨਤ ਲੋੜੀਂਦੀ ਹੈ। ਇਸ ਵਾਸਤੇ ਮਾਲੀਅਤ ਸਰਟੀਫਿਕੇਟ, ਪੇਂਡੂ ਇਲਾਕੇ ਵਿੱਚ ਮਾਲ ਅਧਿਕਾਰੀ (ਪਟਵਾਰੀ,ਤਹਿਸੀਲਦਾਰ),ਸ਼ਹਿਰੀ ਇਲਾਕੇ ਵਿੱਚ ਨਗਰ ਪਾਲਿਕਾ ਦੇ ਸ਼ਾਖਾ ਅਫ਼ਸਰ ਜਾਂ ਕਾਰਜਸਾਧਕ ਅਫ਼ਸਰ ਦੇ ਸਕਦੇ ਹਨ, ਇਹ ਜ਼ਮਾਨਤ ਲਾਭਪਾਤਰੀ ਦੀ ਬਜਾਏ ਕੋਈ ਦੂਜਾ ਵਿਅਕਤੀ ਵੀ ਦੇ ਸਕਦਾ ਹੈ।

ਸ) ਵਿਆਜ਼ ਦੀ ਦਰ 3 ਪ੍ਰਤੀਸ਼ਤ ਤੋਂ 8 ਪ੍ਰਤੀਸ਼ਤ ਹੈ।

ਹ) ਇਹ ਕਰਜ਼ਾ ਕਾਰਪੋਰੇਸ਼ਨ ਵੱਲੋਂ ਦਿੱਤੇ ਸਮੇਂ ਅੰਦਰ ਮਨਜ਼ੂਰੀ ਪੱਤਰ/ਆੜਰਹਿਣਨਾਮਾ ਦੀਆਂ ਸ਼ਰਤਾਂ ਅਨੁਸਾਰ ਵਾਪਸ ਕਰਨਾ ਹੈ, ਨਹੀਂ ਤਾਂ 5 ਪ੍ਰਤੀਸ਼ਤ ਤੱਕ ਦੰਡ ਵਿਆਜ ਵੀ ਵਸੂਲਿਆ ਜਾਂਦਾ ਹੈ।

*ਇਸ ਸਕੀਮ ਅਧੀਨ ਹੇਠ ਲਿਖੇ ਕੰਮਾਂ ਲਈ ਕਰਜ਼ਾ ਦਿੱਤਾ ਜਾਂਦਾ ਹੈ:*

ਆਟੋ ਵਰਕਸ਼ਾਪ, ਆਟਾ ਚੱਕੀ, ਹੱਥ ਖੱਡੀ, ਜੁੱਤੀਆਂ ਦੀ ਦੁਕਾਨ, ਕਰਿਆਨੇ ਦੀ ਦੁਕਾਨ, ਟੈਂਟ ਹਾਊਸ, ਕਬਾੜ ਦੀ ਦੁਕਾਨ, ਲੱਕੜ/ਤੂੜੀ ਦੀ ਟਾਲ ਅਤੇ ਫਰਨੀਚਰ ਦੀ ਦੁਕਾਨ ਆਦਿ।

## 3 *ਉਚੇਰੀ ਸਿੱਖਿਆ ਲਈ ਕਰਜ਼ਾ ਸਕੀਮ :*

ਡਿਗਰੀ ਦੀ ਉਚੇਰੀ ਸਿੱਖਿਆ, ਡਿਪਲੋਮਾ ਅਤੇ ਐਮ.ਬੀ.ਬੀ.ਐਸ., ਬੀ.ਡੀ.ਐਸ.,ਵੈਟਰਨਰੀ, ਇੰਜੀਨੀਅਰਿੰਗ,ਆਰਕੀਟੇਕਚਰ, ਡਰਾਫਟਸਮੈਨ, ਖੇਤੀਬਾੜੀ ਦੀ ਐਮ.ਐਸ.ਸੀ. ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ।

***ਕਰਜ਼ੇ ਲਈ ਸ਼ਰਤਾਂ :-***

ੳ) ਕਰਜ਼ਾ ਲੈਣ ਦੀ ਵਿਧੀ ਉਪਰੋਕਤ ਸਿੱਧਾ ਕਰਜ਼ਾ ਸਕੀਮ ਅਨੁਸਾਰ ਹੈ।

ਅ) ਇਸ ਸਕੀਮ ਅਧੀਨ 10,000/- ਰੁ: ਪ੍ਰਤੀ ਸਾਲ ਪੜ੍ਹਾਈ/ਕੋਰਸ ਦੇ ਪੂਰੇ ਸਮੇਂ ਲਈ ਸਲਾਨਾ ਕਿਸ਼ਤਾਂ ਵਿੱਚ ਦਿੱਤਾ ਜਾਵੇਗਾ।

ੲ) ਕੋਰਸ ਖਤਮ ਹੋਣ ਤੋਂ ਇੱਕ ਸਾਲ ਬਾਅਦ 42 ਮਾਸਿਕ ਕਿਸ਼ਤਾਂ ਵਿੱਚ ਵਸੂਲੀ ਕੀਤੀ ਜਾਵੇਗੀ।

## 4 *ਇਕਨਾਮਿਕ ਵੈਂਚਰਜ਼ ਸਕੀਮ :-*

ਇਹ ਸਕੀਮ ਦੋ ਭਾਗਾਂ ਵਿੱਚ ਵੰਡੀ ਹੋਈ ਹੈ।

1) ਸ਼ਨਾਖਤ ਕੀਤੇ ਲਾਭਪਾਤਰੀ ਨੂੰ ਢੁੱਕਵੀਂ ਥਾਂ ਤੇ ਦੁਕਾਨ ਬਨਾਉਣ ਵਾਸਤੇ 2 ਮਰਲੇ ਦਾ ਪਲਾਟ ਖਰੀਦਣ ਲਈ ਕਾਰਪੋਰੇਸ਼ਨ ਵੱਲੋਂ 15,000 ਰੁ: ਦੀ ਸਬਸਿਡੀ ਦਿੱਤੀ ਜਾਂਦੀ ਹੈ।

2) ਇਸੇ ਪਲਾਟ ਉੱਪਰ ਦੁਕਾਨ ਦੀ ਉਸਾਰੀ ਅਤੇ ਦੁਕਾਨ ਵਿੱਚ ਮਾਲ, ਮਸ਼ੀਨਰੀ ਆਦਿ ਲਗਾਉਣ ਲਈ 50,000 ਰੁ: ਤੱਕ ਦਾ ਕਰਜ਼ਾ ਕਿਸੇ ਵੀ ਧੰਦੇ/ਕਿੱਤੇ ਨੂੰ ਸ਼ੁਰੂ ਕਰਨ ਲਈ ਦਿੱਤਾ ਜਾਂਦਾ ਹੈ।

*ਸਬਸਿਡੀ :-*

ਕਰਜ਼ੇ ਦੀ ਰਕਮ ਦਾ 25 ਪ੍ਰਤੀਸ਼ਤ ਜਾਂ 10,000 ਰੁ ਜੋ ਵੀ ਘੱਟ ਹੋਵੇ ਸਬਸਿਡੀ ਕਾਰਪੋਰੇਸ਼ਨ ਵੱਲੋਂ ਦਿੱਤੀ ਜਾਂਦੀ ਹੈ।

***ਕਰਜ਼ੇ ਲਈ ਸ਼ਰਤਾਂ :***

ੳ) ਆਮਦਨ ਲਾਭਪਾਤਰੀ ਦੀ ਸਲਾਨਾ ਪਰਿਵਾਰਕ ਆਮਦਨ ਗਰੀਬੀ ਰੇਖਾ ਤੋਂ ਵੱਧ ਨਹੀਂ ਹੋਣੀ ਚਾਹੀਦੀ।

ਅ) ਸ਼ਨਾਖਤ ਲਾਭਪਾਤਰੀ ਦੀ ਸ਼ਨਾਖਤ ਜਿਲ੍ਹਾ ਪੱਧਰ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੀ ਪ੍ਰਧਾਨਗੀ ਹੇਠ ਬਣੀ ਇੱਕ ਕਮੇਟੀ ਵੱਲੋਂ ਕੀਤੀ ਜਾਦੀ ਹੈ।

**5 *ਐਨ.ਐਸ.ਐਫ.ਡੀ.ਸੀ. ਸਕੀਮ :***

ਇਸ ਸਕੀਮ ਅਧੀਨ 50,000 ਰੁ: ਤੱਕ ਦਾ ਕਰਜ਼ਾ ਐਨ.ਐਸ.ਐਫ.ਡੀ.ਸੀ. ਨਵੀਂ ਦਿੱਲੀ ਦੇ ਸਹਿਯੋਗ ਨਾਲ ਲੜੀ ਨੰ: 2 ਤੇ ਦਿੱਤੀਆਂ ਸ਼ਰਤਾਂ ਅਨੁਸਾਰ ਦਿੱਤਾ ਜਾਂਦਾ ਹੈ। ਇਸ ਸਕੀਮ ਅਧੀਨ ਆਮਦਨ ਦੀ ਹੱਦ ਇੱਕ ਲੱਖ ਰੁਪਏ ਸਲਾਨਾ ਤੱਕ ਹੈ। ਇਸ 5 ਸਾਲਾਂ ਵਿੱਚ 30 ਦੁਮਾਹੀ ਕਿਸ਼ਤਾਂ ਰਾਹੀਂ ਵਿਆਜ਼ ਸਮੇਤ ਵਾਪਸ ਕਰਨਾ ਹੁੰਦਾ ਹੈ। ਵਿਆਜ ਦੀ ਦਰ 8 ਪ੍ਰਤੀਸ਼ਤ ਸਲਾਨਾ ਹੈ। ਕਿਸ਼ਤਾਂ ਨਾ ਮੋੜਨ ਤੇ 5 ਪ੍ਰਤੀਸ਼ਤ ਤਾਵਾਨ ਵਿਆਜ ਵੀ ਲਿਆ ਜਾਂਦਾ ਹੈ।

***ਇਸ ਸਕੀਮ ਅਧੀਨ ਹੇਠ ਲਿਖੇ ਕੰਮਾਂ ਲਈ ਕਰਜ਼ਾ ਦਿੱਤਾ ਜਾਂਦਾ ਹੈ :***

ਫਰਨੀਚਰ, ਕਾਰਪੇਂਟਰ, ਰੇਡੀਮੇਡ ਗਾਰਮੈਂਟਸ, ਸ਼ਟਰਿੰਗ ਮਟੀਰੀਅਲ, ਕਬਾੜ ਦੀ ਦੁਕਾਨ, ਜੁੱਤੀਆਂ ਦੀ ਦੁਕਾਨ ਅਤੇ ਕੱਪੜੇ ਦੀ ਦੁਕਾਨ ਅਤੇ ਕਰਿਆਨੇ ਦੀ ਦੁਕਾਨ ਆਦਿ।

**6 *ਐਨ.ਐਸ.ਕੇ.ਐਫ.ਡੀ.ਸੀ. ਸਕੀਮ :***

ਇਸ ਸਕੀਮ ਅਧੀਨ ਸਫਾਈ ਕਰਮਚਾਰੀਆਂ ਦੇ ਆਸ਼ਰਿਤਾ ( ਬੇਰੁਜਗਾਰ ) ਨੂੰ 50,000 ਰੁ: ਦਾ ਕਰਜ਼ਾ 6% ਪ੍ਰਤੀਸ਼ਤ ਸਲਾਨਾ ਵਿਆਜ ਦੀ ਦਰ ਤੇ ਦਿੱਤਾ ਜਾਂਦਾ ਹੈ। ਇਹ ਕਰਜ਼ਾ ਸਫਾਈ ਕਰਮਚਾਰੀਆਂ ਦੀ ਸਰਵਿਸ ਸ਼ਿਉਰਟੀ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਕਰਜ਼ਾ ਪੰਜ ਸਾਲਾਂ ਵਿੱਚ (30 ਦੁਮਾਹੀ ਕਿਸ਼ਤਾਂ) ਵਿਆਜ ਸਮੇਤ ਵਾਪਸ ਕਰਨਾ ਹੁੰਦਾ ਹੈ। ਕਿਸ਼ਤਾਂ ਸਮੇਂ ਸਿਰ ਵਾਪਸ ਨਾ ਕਰਨ ਦੀ ਸੂਰਤ ਵਿੱਚ 5 ਪ੍ਰਤੀਸ਼ਤ ਦੰਡ ਵਿਆਜ ਦੇਣਾ ਪੈਂਦਾ ਹੈ।

***ਇਸ ਸਕੀਮ ਅਧੀਨ ਹੇਠ ਲਿਖੇ ਕੰਮਾਂ ਲਈ ਕਰਜ਼ਾ ਦਿੱਤਾ ਜਾਂਦਾ ਹੈ।***

ਡੇਅਰੀ ਫਾਰਮ, ਆਟੋਮੋਬਾਈਲ ਰਿਪੇਅਰ, ਮੀਟ ਸ਼ਾਪ, ਸਾਈਕਲ ਰਿਪੇਅਰ ਦੀ ਦੁਕਾਨ, ਬਿਜਲੀ ਰਿਪੇਅਰ ਦੀ ਦੁਕਾਨ ਅਤੇ ਸਬਜੀ ਦੀ ਦੁਕਾਨ ਆਦਿ। ਕਾਰਪੋਰੇਸ਼ਨ ਕੋਲ ਫੰਡਜ਼ ਦੀ ਘਾਟ ਹੋਣ ਕਾਰਨ ਹਾਲ ਦੀ ਘੜੀ ਆਮ ਤੌਰ ਤੇ ਪੰਜਾਹ ਹਜ਼ਾਰ ਰੁਪਏ ਤੱਕ ਦੇ ਕਰਜੇ ਹੀ ਦਿੱਤੇ ਜਾਂਦੇ ਹਨ।